# ਆਪਣੀ ਰਾਏ ਵਿਅਕਤ ਕਰੋ... ਮੱਤਦਾਨ ਕਰੋ!

## ਮੱਤਦਾਨ ਕਿਉਂ ਕਰੋ?

ਇਹ ਤੁਹਾਡਾ ਅਧਿਕਾਰ,
ਤੁਹਾਡੀ ਚੋਣ,
ਤੁਹਾਡਾ ਭਵਿਖ ਹੈ।

### ਮੱਤਦਾਨ ਕਰਨ ਲਈ, ਤੁਸੀਂ ਜ਼ਰੂਰ:

- ਕੈਨੇਡੀਅਨ ਨਾਗਰਿਕ ਹੋਣੇ ਚਾਹੀਦੇ ਹੋ
- ਚੋਣ ਦੇ ਦਿਨ ਘੱਟੋ-ਘੱਟ 18 ਸਾਲ ਦੇ ਹੋਣੇ ਚਾਹੀਦੇ ਹੋ
- ਆਪਣੀ ਪਛਾਣ ਅਤੇ ਪਤਾ ਸਾਬਤ ਕਰੋ

### ਮੱਤਦਾਨ ਕਿਉਂ ਕਰੋ?

ਮੱਤਦਾਨ ਲੋਕਤੰਤਰ ਨੂੰ ਕਾਰਗਰ ਬਣਾਉਂਦਾ ਹੈ। ਇਸਦੇ ਰਾਹੀਂ ਤੁਸੀਂ ਕਿਸੇ ਨੂੰ ਕੈਨੇਡੀਅਨ ਸੰਸਦ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਚੁਣਦੇ ਹੋ। ਚੋਣ ਕਰਨ ਨਾਲ ਤੁਸੀਂ ਆਪਣੇ ਲੋਕਤੰਤਰੀ ਅਧਿਕਾਰਾਂ ਵਿੱਚੋਂ ਇੱਕ ਨੂੰ ਵਰਤ ਰਹੇ ਹੋ।

### ਚੋਣਾਂ ਕਿਸ ਲਈ ਹੁੰਦੀਆਂ ਹਨ?

ਚੋਣ ਵਿੱਚ, ਤੁਸੀਂ ਜਿਸ ਉਮੀਦਵਾਰ ਨੂੰ ਆਪਣੇ ਹਲਕੇ (ਜਿਸਨੂੰ ਚੋਣ ਖੇਤਰ ਵੀ ਕਿਹਾ ਜਾਂਦਾ ਹੈ) ਵਿੱਚੋਂ ਚੁਣਦੇ ਹੋ ਉਸਦੇ ਲਈ ਮੱਤਦਾਨ ਕਰਦੇ ਹੋ। ਸਭ ਤੋਂ ਵੱਧ ਮੱਤ ਲੈਣ ਵਾਲਾ ਉਮੀਦਵਾਰ ਚੁਣਿਆ ਜਾਂਦਾ ਹੈ ਉਦੋਂ ਉਹ ਸੰਸਦ ਸਦੱਸ ਬਣ ਜਾਂਦਾ ਹੈ। ਸਭ ਤੋਂ ਵੱਧ ਚੁਣੇ ਗਏ ਉਮੀਦਵਾਰਾਂ ਵਾਲਾ ਰਾਜਨੀਤਕ ਦਲ ਸਰਕਾਰ ਬਣਾਉਂਦਾ ਹੈ।

### ਸ਼ਬਦ ਜਿਨ੍ਹਾਂ ਤੋਂ ਤੁਹਾਨੂੰ ਜਾਣੂ ਹੋਣਾ ਚਾਹੀਦਾ ਹੈ

**ਇਲੈਕਸ਼ਨਜ਼ ਕੈਨੇਡਾ** ਕੈਨੇਡਾ ਵਿੱਚ ਰਾਸ਼ਟਰੀ ਚੋਣਾਂ ਦਾ ਪ੍ਰਬੰਧ ਕਰਨ ਲਈ ਸੰਸਦ ਦੁਆਰਾ ਸਥਾਪਤ ਇੱਕ ਸੁਤੰਤਰ ਸੰਗਠਨ ਹੈ।

**ਚੋਣਕਾਰ** ਉਹ ਕੈਨੇਡੀਅਨ ਨਾਗਰਿਕ ਹੈ ਜੋ ਚੋਣ ਦੇ ਦਿਨ ਘੱਟੋ-ਘੱਟ 18 ਸਾਲ ਦਾ ਹੈ। ਚੋਣਕਾਰ ਉਹ ਵਿਅਕਤੀ ਹੈ ਜਿਸਨੂੰ ਮੱਤਦਾਨ ਕਰਨ ਦਾ ਅਧਿਕਾਰ ਹੈ ਅਤੇ ਉਸਨੂੰ **ਮੱਤਦਾਤਾ** ਵੀ ਕਿਹਾ ਜਾਂਦਾ ਹੈ।

**ਉਮੀਦਵਾਰ** ਉਹ ਵਿਅਕਤੀ ਹਨ ਜੋ ਚੁਣੇ ਜਾਣਾ ਚਾਹੁੰਦੇ ਹਨ।

**ਮੱਤਦਾਤਾ ਸੂਚੀ** ਮੱਤਦਾਨ ਲਈ ਪੰਜੀਕਰਿਤ ਸਾਰੇ ਚੋਣਕਾਰਾਂ ਦੇ ਨਾਂ ਦਿਖਾਉਂਦੀ ਹੈ।

ਤੁਹਾਡਾ **ਮੱਤਦਾਤਾ ਜਾਣਕਾਰੀ ਪੱਤਰ** ਤੁਸੀਂ ਡਾਕ ਰਾਹੀਂ ਪ੍ਰਾਪਤ ਕਰਦੇ ਹੋ। ਇਹ ਤੁਹਾਡੇ ਨਾਂ ਦੀ ਮੱਤਦਾਤਾ ਸੂਚੀ 'ਤੇ ਹੋਣ ਦੀ ਪੁਸ਼ਟੀ ਕਰਦਾ ਹੈ ਅਤੇ ਕਿੱਥੇ ਤੇ ਕਦੋਂ ਮੱਤਦਾਨ ਕਰਨ ਬਾਰੇ ਤੁਹਾਨੂੰ ਦੱਸਦਾ ਹੈ।

**ਮੱਤਦਾਨ ਕੇਂਦਰ** ਉਹ ਥਾਂ ਹੈ ਜਿੱਥੇ ਤੁਸੀਂ ਮੱਤਦਾਨ ਕਰਨ ਲਈ ਜਾਂਦੇ ਹੋ।

**ਮੱਤ-ਪੱਤਰ** ਉਹ ਪਰਚਾ ਹੈ ਜਿਸਨੂੰ ਤੁਸੀਂ ਮੱਤਦਾਨ ਕਰਨ ਲਈ ਵਰਤਦੇ ਹੋ। ਇਹ ਤੁਹਾਡੇ ਹਲਕੇ ਦੇ ਸਾਰੇ ਉਮੀਦਵਾਰਾਂ ਦੇ ਨਾਂਵਾਂ ਦੀ ਸੂਚੀ ਦਿਖਾਉਂਦਾ ਹੈ।

**ਉਪ ਚੋਣ-ਅਧਿਕਾਰੀ** ਉਹ ਵਿਅਕਤੀ ਹੈ ਜਿਹੜਾ ਤੁਹਾਨੂੰ ਮੱਤ-ਪੱਤਰ ਦਿੰਦਾ ਹੈ।

**ਮੱਤਦਾਨ ਕਲਰਕ** ਉਹ ਵਿਅਕਤੀ ਹੈ ਜਿਹੜਾ ਮੱਤਦਾਤਾ ਸੂਚੀ ਵਿੱਚ ਤੁਹਾਡੇ ਨਾਂ 'ਤੇ ਕਾਟਾ ਲਾਉਂਦਾ ਹੈ ਇਹ ਦਿਖਾਉਣ ਲਈ ਕਿ ਤੁਸੀਂ ਮਤਦਾਨ ਕਰ ਚੁਕੇ ਹੋ।

**ਮੱਤਦਾਨ ਪਰਦਾ** ਉਹ ਪਰਦੇ ਵਾਲੀ ਥਾਂ ਹੈ ਜਿੱਥੇ ਤੁਸੀਂ ਆਪਣੇ ਮੱਤ-ਪੱਤਰ 'ਤੇ ਨਿਸ਼ਾਨ ਲਾਉਣ ਲਈ ਜਾਂਦੇ ਹੋ। ਕੈਨੇਡਾ ਵਿੱਚ ਮੱਤਦਾਨ **ਗੁਪਤ ਮੱਤ** ਦੁਆਰਾ ਹੁੰਦਾ ਹੈ।

**ਮੱਤ ਪੇਟੀ** ਉਹ ਬਕਸਾ ਹੈ ਜਿਸ ਵਿੱਚ ਤੁਸੀਂ ਆਪਣਾ ਨਿਸ਼ਾਨ ਲੱਗਿਆ ਮੱਤ-ਪੱਤਰ ਪਾਉਂਦੇ ਹੋ।

## ਮਹੱਤਵਪੂਰਨ

**ਮੱਤਦਾਨ ਕਰਨ ਵੇਲੇ, ਤੁਹਾਨੂੰ ਆਪਣੀ ਪਛਾਣ ਅਤੇ ਪਤੇ ਨੂੰ ਸਾਬਤ ਕਰਨਾ ਜ਼ਰੂਰੀ ਹੈ। ਤੁਹਾਡੇ ਕੋਲ ਤਿੰਨ ਵਿਕਲਪ ਹਨ:**

- ਤੁਹਾਡੀ ਫੋਟੋ, ਨਾਂ ਅਤੇ ਪਤੇ ਵਾਲਾ ਪਛਾਣ ਦਾ ਇੱਕ ਅਸਲੀ ਦਸਤਾਵੇਜ਼ ਦਿਖਾਓ। ਇਹ ਸਰਕਾਰੀ ਏਜੰਸੀ ਵਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ। ਤੁਹਾਡਾ ਡਰਾਈਵਰ ਲਾਈਸੈਂਸ ਇਸਦੀ ਇੱਕ ਉਦਾਹਰਨ ਹੈ।

**ਜਾਂ**

- ਪਛਾਣ ਦੇ ਦੋ ਅਧਿਕਰਿਤ ਅਸਲੀ ਦਸਤਾਵੇਜ਼ ਦਿਖਾਓ। ਦੋਹਾਂ ਦਸਤਾਵੇਜ਼ਾਂ 'ਤੇ ਤੁਹਾਡਾ ਨਾਂ ਹੋਣਾ ਚਾਹੀਦਾ ਹੈ ਅਤੇ ਇੱਕ 'ਤੇ ਤੁਹਾਡਾ ਪਤਾ ਵੀ ਹੋਣਾ ਚਾਹੀਦਾ ਹੈ। ਤੁਹਾਡਾ ਹੈਲਥ ਕਾਰਡ ਅਤੇ ਹਾਈਡਰੋ ਦਾ ਬਿੱਲ ਇਸਦੀ ਉਦਾਹਰਨ ਹਨ।

**ਜਾਂ**

- ਸਹੁੰ ਚੁੱਕੋ ਅਤੇ ਇਕ ਮੱਤਦਾਤਾ ਜਿਹੜਾ ਤੁਹਾਨੂੰ ਜਾਣਦਾ ਹੋਵੇ ਤੁਹਾਡੀ ਗਵਾਹੀ ਦੇਣ ਲਈ ਤੁਹਾਡੇ ਨਾਲ ਹੋਵੇ। ਇਸ ਵਿਅਕਤੀ ਕੋਲ ਪਛਾਣ ਦੇ ਅਧਿਕਰਿਤ ਦਸਤਾਵੇਜ਼ ਅਤੇ ਇਸਦਾ ਤੁਹਾਡੇ ਚੋਣ ਖੇਤਰ ਤੋਂ ਹੋਣਾ ਜ਼ਰੂਰੀ ਹੈ। ਤੁਹਾਡਾ ਗੁਆਂਢੀ ਜਾਂ ਨਾਲ ਰਹਿਣ ਵਾਲਾ ਵਿਅਕਤੀ ਇਸਦੀ ਇੱਕ ਉਦਾਹਰਨ ਹੈ। (ਇੱਕ ਮੱਤਦਾਤਾ ਸਿਰਫ ਇੱਕ ਵਿਅਕਤੀ ਦੀ ਹੀ ਗਵਾਹੀ ਦੇ ਸਕਦਾ ਹੈ ਅਤੇ ਉਹ ਮੱਤਦਾਤਾ ਜਿਸਦੀ ਗਵਾਹੀ ਦਿੱਤੀ ਗਈ ਹੋਵੇ ਕਿਸੇ ਦੂਸਰੇ ਵਿਅਕਤੀ ਦੀ ਗਵਾਹੀ ਨਹੀਂ ਦੇ ਸਕਦਾ।)

| ਪਛਾਣ ਦੇ ਅਧਿਕਰਿਤ ਦਸਤਾਵੇਜਾਂ ਦੀ ਸੂਚੀ ਲਈ www.elections.ca 'ਤੇ ਜਾਓ। |
|---|

## ਕੀ ਤੁਹਾਨੂੰ ਤੁਹਾਡਾ ਮੱਤਦਾਤਾ ਜਾਣਕਾਰੀ ਪੱਤਰ ਮਿਲ ਗਿਆ?

ਮੱਤਦਾਨ ਕਰਨ ਲਈ ਤੁਹਾਡਾ ਨਾਂ ਇਲੈਕਸ਼ਨਜ਼ ਕੈਨੇਡਾ ਦੀ **ਮੱਤਦਾਤਾ ਸੂਚੀ** 'ਤੇ ਹੋਣਾ ਜਰੂਰੀ ਹੈ। ਜੇਕਰ ਤੁਹਾਡਾ ਨਾਂ ਤੇ ਸਹੀ ਪਤਾ ਪਹਿਲਾਂ ਤੋਂ ਹੀ ਮੱਤਦਾਤਾ ਸੂਚੀ 'ਤੇ ਹੈ, ਤਾਂ ਚੋਣ ਸ਼ੁਰੂ ਹੋਣ ਤੋਂ ਥੋੜੇ ਚਿਰ ਬਾਦ ਤੁਸੀਂ **ਮੱਤਦਾਤਾ ਜਾਣਕਾਰੀ ਪੱਤਰ** ਡਾਕ ਰਾਹੀਂ ਪ੍ਰਾਪਤ ਕਰੋਗੇ। ਇਹ ਦਿਖਾਉਂਦਾ ਹੈ ਕਿ ਤੁਸੀਂ ਪੰਜੀਕਰਿਤ ਹੋ, ਅਤੇ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਤੇ ਕਦੋਂ ਮੱਤਦਾਨ ਕਰ ਸਕਦੇ ਹੋ।

ਜੇਕਰ ਪੱਤਰ 'ਤੇ ਨਾਂ ਤੇ ਪਤਾ **ਸਹੀ ਨਹੀਂ ਹਨ**, ਤਾਂ ਕ੍ਰਿਪਾ ਕਰਕੇ ਆਪਣੇ ਸਥਾਨਕ ਇਲੈਕਸ਼ਨਜ਼ ਕੈਨੇਡਾ ਦਫ਼ਤਰ ਨੂੰ ਫ਼ੋਨ ਕਰੋ। ਨੰਬਰ ਪੱਤਰ ਦੇ ਪਿੱਛੇ ਹੈ।

ਜੇਕਰ ਤੁਹਾਡਾ ਮੱਤਦਾਤਾ ਜਾਣਕਾਰੀ ਪੱਤਰ ਤੁਹਾਨੂੰ **ਨਹੀਂ ਮਿਲਿਆ** ਤਾਂ ਇਲੈਕਸ਼ਨਜ਼ ਕੈਨੇਡਾ ਨੂੰ 1-800-463-6868 'ਤੇ ਫ਼ੋਨ ਕਰੋ। ਉਹ ਤੁਹਾਨੂੰ ਮੱਤਦਾਨ ਲਈ ਪੰਜੀਕਰਨ ਕਰਵਾਉਣ ਬਾਰੇ ਦੱਸਣਗੇ।

**ਪਛਾਣ ਦੇ ਉੱਚਤ ਦਸਤਾਵੇਜ਼ ਨਾਲ, ਤੁਸੀਂ ਮੱਤਦਾਨ ਕਰਨ ਵੇਲੇ ਵੀ ਪੰਜੀਕਰਨ ਕਰਵਾ ਸਕਦੇ ਹੋ।**

## ਮੱਤਦਾਨ ਕਿਸ ਤਰ੍ਹਾਂ ਕਰੀਏ

**ਤੁਸੀਂ ਤਿਨੰ ਤਰੀਕਿਆਂ 'ਚੋਂ ਇੱਕ ਨਾਲ ਮੱਤਦਾਨ ਕਰ ਸਕਦੇ ਹੋ:**

### ਤੁਸੀਂ ਚੋਣ ਦੇ ਦਿਨ ਨਿੱਜੀ ਰੂਪ ਵਿੱਚ ਮੱਤਦਾਨ ਕਰ ਸਕਦੇ ਹੋ

ਚੋਣ ਦੇ ਦਿਨ, ਤੁਸੀਂ ਮੱਤਦਾਨ ਕਰਨ ਲਈ ਆਪਣੇ ਮੱਤਦਾਨ ਕੇਂਦਰ ਜਾਂਦੇ ਹੋ। ਮੱਤਦਾਨ ਕੇਂਦਰ ਦਾ ਪਤਾ ਤੇ ਉਹ ਕਦੋਂ ਖੁੱਲੇਗਾ ਇਹ ਤੁਹਾਨੂੰ ਤੁਹਾਡੇ ਮੱਤਦਾਤਾ ਜਾਣਕਾਰੀ ਪੱਤਰ 'ਤੇ ਮਿਲੇਗਾ।

### ਤੁਸੀਂ ਖਾਸ ਮੱਤ-ਪੱਤਰ ਦੁਆਰਾ ਮੱਤਦਾਨ ਕਰ ਸਕਦੇ ਹੋ

ਡਾਕ ਰਾਹੀਂ ਜਾਂ ਆਪਣੇ ਸਥਾਨਕ ਇਲੈਕਸ਼ਨਜ਼ ਕੈਨੇਡਾ ਦਫ਼ਤਰ 'ਤੇ ਮੱਤਦਾਨ ਕਰਨ ਲਈ ਤੁਸੀਂ ਖਾਸ ਮੱਤ-ਪੱਤਰ ਦੀ ਵਰਤੋਂ ਕਰ ਸਕਦੇ ਹੋ। ਵਧੇਰੀ ਜਾਣਕਾਰੀ ਲਈ ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰੋ।

### ਤੁਸੀਂ ਅਗਾਉਂ ਮੱਤਦਾਨ ਕਰ ਸਕਦੇ ਹੋ

ਅਗਾਉਂ ਮੱਤਦਾਨ ਦੀ ਥਾਂ ਤੇ ਸਮਿਆਂ ਬਾਰੇ ਤੁਹਾਨੂੰ ਤੁਹਾਡੇ ਮੱਤਦਾਤਾ ਜਾਣਕਾਰੀ ਪੱਤਰ 'ਤੋਂ ਜਾਂ ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰਕੇ ਪਤਾ ਲੱਗ ਸਕਦਾ ਹੈ।

## ਮੱਤਦਾਨ ਕੇਂਦਰ 'ਤੇ

ਸੂਚਨਾ ਅਧਿਕਾਰੀ ਤੁਹਾਡਾ ਸੁਆਗਤ ਕਰਦਾ ਹੈ ਤੇ ਤੁਹਾਨੂੰ ਮੱਤਦਾਨ ਕਰਨ ਲਈ ਕਿੱਥੇ ਜਾਣਾ ਚਾਹੀਦਾ ਹੈ ਇਸ ਬਾਰੇ ਦੱਸਦਾ ਹੈ।

ਇੱਕ ਮੇਜ਼ 'ਤੇ ਦੋ ਚੋਣ ਅਧਿਕਾਰੀ ਮੌਜੂਦ ਹਨ: ਉਪ ਚੋਣ-ਅਧਿਕਾਰੀ ਤੇ ਮੱਤਦਾਨ ਕਲਰਕ।

ਉਪ ਚੋਣ-ਅਧਿਕਾਰੀ ਤੁਹਾਨੂੰ ਪਛਾਣ ਅਤੇ ਪਤੇ ਦਾ ਸਬੂਤ ਦਿਖਾਉਣ ਲਈ ਆਖਦਾ ਹੈ। ਜੇਕਰ ਤੁਹਾਡੇ ਕੋਲ ਪਛਾਣ ਦਾ ਸਹੀ ਦਸਤਾਵੇਜ਼ ਨਹੀਂ ਹੈ, ਤਾਂ ਤੁਸੀਂ ਸਹੁੰ ਚੁੱਕ ਸਕਦੇ ਹੋ ਅਤੇ ਕਿਸੇ ਦੂਸਰੇ ਚੋਣਕਾਰ, ਜਿਹੜਾ ਪਹਿਲਾਂ ਤੋਂ ਹੀ ਤੁਹਾਡੇ ਚੋਣ ਖੇਤਰ ਵਿੱਚ ਪੰਜੀਕਰਿਤ ਹੈ, ਨੂੰ ਆਪਣੀ ਗਵਾਹੀ ਦੇਣ ਲਈ ਆਖ ਸਕਦੇ ਹੋ।

ਮੱਤਦਾਨ ਕਲਰਕ ਇਹ ਜਾਂਚ ਕਰਦਾ ਹੈ ਕਿ ਤੁਸੀਂ ਮੱਤਦਾਤਾ ਸੂਚੀ 'ਤੇ ਹੋ। ਜੇਕਰ ਤੁਸੀਂ ਮੱਤਦਾਤਾ ਸੂਚੀ 'ਤੇ ਨਹੀਂ ਹੋ, ਤਾਂ ਵੀ ਤੁਸੀਂ ਪੰਜੀਕਰਨ ਕਰਵਾ ਸਕਦੇ ਹੋ।

ਮੱਤਦਾਨ ਕਲਰਕ ਮੱਤਦਾਤਾ ਸੂਚੀ ਵਿੱਚ ਤੁਹਾਡੇ ਨਾਂ 'ਤੇ ਕਾਟਾ ਲਾਉਂਦਾ ਹੈ।

ਉਪ ਚੋਣ-ਅਧਿਕਾਰੀ ਤੁਹਾਨੂੰ ਇੱਕ ਮੋੜਿਆ ਹੋਇਆ ਮੱਤ-ਪੱਤਰ ਦਿੰਦਾ ਹੈ। ਜੇਕਰ ਤੁਹਾਨੂੰ ਆਪਣੇ ਮੱਤ-ਪੱਤਰ 'ਤੇ ਨਿਸ਼ਾਨ ਲਾਉਣ ਵਿੱਚ ਕੋਈ ਉਖਿਆਈ ਹੋਵੇ ਤਾਂ ਉਹ ਤੁਹਾਡੀ ਮੱਦਦ ਕਰ ਸਕਦਾ/ਸਕਦੀ ਹੈ।

ਤੁਸੀਂ ਮੱਤਦਾਨ ਪਰਦੇ ਦੇ ਪਿੱਛੇ ਜਾਂਦੇ ਹੋ। ਕੋਈ ਨਹੀਂ ਦੇਖ ਸਕਦਾ ਕਿ ਤੁਸੀਂ ਕਿਸ ਲਈ ਮੱਤਦਾਨ ਕਰਦੇ ਹੋ।

ਜਿਸ ਉਮੀਦਵਾਰ ਨੂੰ ਤੁਸੀਂ ਚੁਣਦੇ ਹੋ ਉਸਦੇ ਨਾਂ ਦੇ ਕੋਲ ਗੋਲੇ ਵਿੱਚ X ਦਾ ਨਿਸ਼ਾਨ ਲਾਓ।

ਆਪਣੇ ਮੱਤ-ਪੱਤਰ ਨੂੰ ਮੋੜੋ ਤਾਂ ਕਿ ਤੁਹਾਡਾ ਮੱਤ ਗੁਪਤ ਰਹੇ।

ਆਪਣੇ ਮੋੜੇ ਹੋਏ ਮੱਤ-ਪੱਤਰ ਨੂੰ ਵਾਪਿਸ ਉਪ ਚੋਣ-ਅਧਿਕਾਰੀ ਕੋਲ ਲੈ ਜਾਓ। ਉਹ ਲੇਬਲ ਨੂੰ ਕੱਟ ਦਿਉਗਾ/ਦਿਉਗੀ।

ਉਪ ਚੋਣ-ਅਧਿਕਾਰੀ ਤੁਹਾਡਾ ਮੱਤ-ਪੱਤਰ ਤੁਹਾਨੂੰ ਵਾਪਿਸ ਕਰ ਦਿਉਗਾ ਅਤੇ ਤੁਸੀਂ ਇਸਨੂੰ ਮੱਤ ਪੇਟੀ ਵਿੱਚ ਪਾਉਂਦੇ ਹੋ।

ਇਹ ਪੁਸਤਕਾ ਹੈਰੀਟੇਜ ਅਤੇ ਐਬਆਰੀਜਨਲ ਬੋਲੀਆਂ ਵਿੱਚ ਵੀ ਉਪਲਬਧ ਹੈ।।

**ਵਧੇਰੀ ਜਾਣਕਾਰੀ ਲਈ:**
**www.elections.ca**
1-800-463-6868

ਟੀਟੀਵਾਈ 1-800-361-8935 ਬੋਲਿਆਂ ਜਾਂ ਉੱਚਾ ਸੁਣਨ ਵਾਲੇ ਲੋਕਾਂ ਲਈ

EC 90233 (08/09)

Elections Canada